# ਵਿਸਤ੍ਰਿਤ ਰੂਪਰੇਖਾ

**I. ਸੀਨਈ ਦੀ ਉਜਾੜ ਵਿਚ (1:1-10:36)**

A. ਇਸਰਾਏਲ ਦੇ ਬਾਰਾਂ ਗੋਤਾਂ ਦੀ ਗਿਣਤੀ (1:1-46)
B. ਲੇਵੀਆਂ ਦਾ ਗਿਣਤੀ ਵਿਚ ਸ਼ਾਮਲ ਨਾ ਕੀਤਾ ਜਾਣਾ (1:47-54)
C. ਡੇਰਿਆਂ ਦਾ ਪ੍ਰਬੰਧ (2:1-34)
D. ਲੇਵੀਆਂ ਦੀ ਭੂਮਿਕਾ ਅਤੇ ਗਿਣਤੀ (3:1-4:49)
   1. ਜਾਜਕਪੁਣੇ ਦੀ ਸ਼ੁਰੂਆਤ (3:1-4)
   2. ਲੇਵੀਆਂ ਅਤੇ ਜਾਜਕਾਂ ਦੀ ਭੂਮਿਕਾ; ਲੇਵੀਆਂ ਦੀ ਗਿਣਤੀ, ਇਕ ਮਹੀਨੇ ਦੀ ਉਮਰ ਅਤੇ ਇਸ ਤੋਂ ਉੱਪਰ (3:5-39)
   3. ਲੇਵੀਆਂ ਦੁਆਰਾ ਪਲੋਠੇ ਦੀ ਥਾਂ ਲੈਣਾ (3:40-51)
   4. ਤੀਹ ਤੋਂ ਪੰਜਾਹ ਦੀ ਉਮਰ ਤੋਂ ਲੈ ਕੇ ਲੇਵੀਆਂ ਦੀ ਗਿਣਤੀ ਅਤੇ ਉਨ੍ਹਾਂ ਦੇ ਕਰਤੱਵ (4:1-49)
E. ਅਸ਼ੁੱਧਤਾਈ ਅਤੇ ਪਵਿੱਤ੍ਰੀਕਰਨ (5:1-6:21)
   1. ਅਸ਼ੁੱਧ ਵਿਅਕਤੀਆਂ ਨਾਲ ਨਜਿੱਠਣਾ (5:1-10)
   2. ਬਦਕਾਰੀ ਕਰਨ ਵਾਲੀ ਤੀਵੀਂ ਦੇ ਲਈ ਪਰਖ (5:11-31)
   3. ਨਜ਼ੀਰਾਂ ਦੀ ਨੀਤੀ (6:1-21)
F. ਜਾਜਕਾਂ ਦੀ ਅਸੀਸ (6:22-27)
G. ਡੇਹਰੇ ਸੰਬੰਧੀ ਬਿਧੀਆਂ (7:1-8:26)
   1. ਡੇਹਰੇ ਨੂੰ ਖੜਾ ਕਰਨ ਸਮੇਂ ਆਗੂਆਂ ਦੇ ਚੜ੍ਹਾਵੇ (7:1-89)
   2. ਡੇਹਰੇ ਵਿਚ ਦੀਵਿਆਂ ਨੂੰ ਸਥਾਪਤ ਕਰਨਾ (8:1-4)
   3. ਲੇਵੀਆਂ ਨੂੰ ਉਨ੍ਹਾਂ ਦੇ ਕੰਮ ਦੇ ਲਈ ਸ਼ੁੱਧ ਕਰਨਾ (8:5-26)
H. ਪਸਾਹ ਨੂੰ ਮੰਨਣਾ (9:1-14)
I. ਕਨਾਨ ਦੇ ਸਫ਼ਰ ਨੂੰ ਸ਼ੁਰੂ ਕਰਨਾ (9:15-10:10)
   1. ਡੇਹਰੇ ਉੱਤੇ ਬੱਦਲ (9:15-23)
   2. ਚਾਂਦੀ ਦੀਆਂ ਦੋ ਤੁਰ੍ਹੀਆਂ (10:1-10)
J. ਇਸਰਾਏਲੀਆਂ ਦੇ ਲਈ ਕੂਚ ਕਰਨ ਦਾ ਹੁਕਮ (10:11-28)
K. ਉਨ੍ਹਾਂ ਦੇ ਨਾਲ ਜਾਣ ਦੇ ਲਈ ਹੋਬਾਬ ਨੂੰ ਮੂਸਾ ਦਾ ਸੱਦਾ (10:29-32)
L. ਸੀਨਈ ਤੋਂ ਕੂਚ (10:33-36)

**II. ਪਾਰਾਨ ਦੀ ਉਜਾੜ ਵੱਲ ਨੂੰ ਸਫ਼ਰ (11:1-12:16)**

A. ਪਾਪ ਅਤੇ ਇਸ ਦੇ ਨਤੀਜੇ (11:1-12:15)
   1. ਲੋਕਾਂ ਦੀ ਸ਼ਿਕਾਇਤ ਅਤੇ ਪਰਮੇਸ਼ੁਰ ਦੀ ਅੱਗ ਦੀ ਹਜ਼ੂਰੀ (11:1-3)

        2. ਮਾਸ ਦੀ ਕਮੀ ਦੇ ਬਾਰੇ ਸ਼ਿਕਾਇਤ ਅਤੇ ਪਰਮੇਸ਼ੁਰ ਦੁਆਰਾ ਬਟੇਰਿਆਂ ਦੀ ਵਿਵਸਥਾ (11:4-34))
        3. ਹਸੇਰੋਥ ਵਿਚ ਪਹੁੰਚਣਾ (11:35)
        4. ਹਾਰੂਨ ਅਤੇ ਮਿਰਯਮ ਦਾ ਪਾਪ, ਮਿਰਯਮ ਦਾ ਕੋੜ੍ਹ (12:1-15)
    B. ਪਾਰਾਨ ਦੀ ਉਜਾੜ ਵਿਚ ਪਹੁੰਚਣਾ (12:16)

## III. ਪਾਰਾਨ ਦੀ ਉਜਾੜ ਵਿਚ (13:1-20:29)

A. ਕਨਾਨ ਵਿਚ ਖੋਜ ਕੱਢਣ ਵਾਲਿਆਂ ਦਾ ਮਿਸ਼ਨ ਅਤੇ ਉਨ੍ਹਾਂ ਦੀ ਰਪੋਟ (13:1-33)
B. ਇਸਰਾਏਲੀਆਂ ਦੀ ਬਗਾਵਤ ਅਤੇ ਨਤੀਜੇ (14:1-45)
    1. ਡਰ ਦੇ ਮਾਰੇ ਇਸਰਾਏਲੀਆਂ ਦੀ ਪ੍ਰਤੀਕਿਰਿਆ (14:1-4)
    2. ਬਗਾਵਤ ਦੇ ਪ੍ਰਤੀ ਮੂਸਾ, ਹਾਰੂਨ, ਯਹੋਸ਼ੁਆ ਅਤੇ ਕਾਲੇਬ ਦੀ ਪ੍ਰਤੀਕਿਰਿਆ (14:5-10)
    3. ਮੂਸਾ ਨੂੰ ਪਰਮੇਸ਼ੁਰ ਦਾ ਦਰਸ਼ਣ (14:10-35)
        a. ਇਸਰਾਏਲੀਆਂ ਨੂੰ ਨਾਸ ਕਰਨ ਦੇ ਲਈ ਪਰਮੇਸ਼ੁਰ ਦੀ ਧਮਕੀ (14:10-12)
        b. ਇਸਰਾਏਲੀਆਂ ਦੀ ਖ਼ਾਤਰ ਪਰਮੇਸ਼ੁਰ ਦੇ ਅੱਗੇ ਮੂਸਾ ਦੀ ਸਿਫਾਰਸ਼ (14:13-19)
        c. ਪਰਮੇਸ਼ੁਰ ਦਾ ਫਰਮਾਨ ਕਿ ਬਾਲਗ ਵਾਅਦੇ ਦੇ ਦੇਸ ਵਿਚ ਦਾਖਲ ਨਹੀਂ ਹੋਣਗੇ (14:20-35)
    4. ਦਸ ਖੋਜੀਆਂ ਦੀ ਮੌਤ (14:36-38)
    5. ਮੂਸਾ ਦੁਆਰਾ ਪਰਮੇਸ਼ੁਰ ਦੇ ਨਿਆਂ ਦੀ ਘੋਸ਼ਣਾ (14:39)
    6. ਪਰਮੇਸ਼ੁਰ ਤੋਂ ਬਿਨ੍ਹਾਂ ਕਨਾਨ ਵਿਚ ਦਾਖਲ ਹੋਣ ਦੀ ਲੋਕਾਂ ਦੀ ਕੋਸ਼ਿਸ਼ ਅਤੇ ਉਨ੍ਹਾਂ ਦੀ ਹਾਰ (14:40-45)
C. ਭੇਟਾਂ ਸੰਬੰਧੀ ਬਿਧੀਆਂ (15:1-21)
    1. "ਯਹੋਵਾਹ ਲਈ ਅੱਗ ਦੀਆਂ" ਭੇਟਾਂ (15:1-16)
    2. ਉਨ੍ਹਾਂ ਦੀ ਤੌਣ ਦੇ ਪਹਿਲੇ ਪੇੜੇ ਦੀਆਂ ਭੇਟਾਂ (15:17-21)
D. ਭੇਟਾਂ ਸੰਬੰਧੀ ਬਿਧੀਆਂ ਦੀ (ਭਾਵ-ਅਰਥ ਅਨੁਸਾਰ) ਪਾਲਣਾ ਕਰਨ ਵਿਚ ਅਸਫ਼ਲ ਹੋਣਾ (15:22-36)
    1. ਅਣਜਾਣਪੁਣੇ ਵਿਚ ਪਾਪ ਕਰਨਾ (15:22-29)
    2. ਜਾਣਬੁੱਝ ਕੇ ਪਾਪ ਕਰਨਾ (15:30-36)
        a. ਜਾਣਬੁੱਝ ਕੇ ਪਾਪ ਕਰਨ ਸੰਬੰਧੀ ਬਿਧੀ (15:30, 31)
        b. ਬਿਧੀ ਦੀ ਪ੍ਰਾਸੰਗਿਕਤਾ: ਸਬਤ ਨੂੰ ਤੋੜਨ ਵਾਲੇ ਨੂੰ ਪੱਥਰਾਂ ਨਾਲ ਮਾਰਿਆ ਜਾਣਾ (15:32-36)
E. ਭੇਟਾਂ ਸੰਬੰਧੀ ਬਿਧੀਆਂ ਦੀ (ਭਾਵ-ਅਰਥ ਅਨੁਸਾਰ) ਪਾਲਣਾ ਕਰਨ ਦੇ ਲਈ ਤਗੀਦਾਂ: ਬਸਤ੍ਰਾਂ ਦੀ ਕਿਨਾਰੀ ਉੱਤੇ ਝਾਲਰਾਂ (15:37-41)
F. ਮੂਸਾ ਅਤੇ ਹਾਰੂਨ ਦੇ ਵਿਰੁੱਧ ਵਿਦਰੋਹ (16:1-17:13)
    1. ਕੋਰਹ, ਦਾਥਾਨ ਅਤੇ ਓਨ ਦਾ ਵਿਦਰੋਹ (16:1-3)

2. ਕੋਰਹ ਨੂੰ ਮੂਸਾ ਦੀ ਚਿਤਾਵਨੀ (16:4-11)
3. ਦਾਥਾਨ ਅਤੇ ਅਬੀਰਾਮ ਦੁਆਰਾ ਮੂਸਾ ਨੂੰ ਸੁਣਨ ਤੋਂ ਇਨਕਾਰ ਕਰਨਾ (16:12-15)
4. ਵਿਦਰੋਹ ਕਰਨ ਵਾਲਿਆਂ ਦੇ ਲਈ ਪਰਮੇਸ਼ੁਰ ਦੀ ਸਜ਼ਾ (16:16-40)
   a. ਵਿਦਰੋਹ ਕਰਨ ਵਾਲਿਆਂ ਨੂੰ ਭੂਮੀ ਨੇ ਭੱਖ ਲਿਆ (16:16-34)
   b. ਧੂਪ ਧੁਖਾਉਣ ਵਾਲਿਆਂ ਨੂੰ ਅੱਗ ਨੇ ਭਸਮ ਕਰ ਦਿੱਤਾ ਅਤੇ ਧੂਪਦਾਨਾਂ ਨੇ ਇਕ ਤਾਗੀਦ ਦੇ ਰੂਪ ਵਿਚ ਕੰਮ ਕੀਤਾ (16:35-40)
5. ਬਵਾ ਰਾਹੀਂ ਵਿਦਰੋਹ ਦੀ ਸਜ਼ਾ (16:41-50)
6. ਹਾਰੂਨ ਦੇ ਫੁੱਟਣ ਵਾਲਾ ਢਾਂਗਾ ਅਤੇ ਰੱਬੀ ਪ੍ਰਵਾਨਗੀ ਦਾ ਇਕ ਚਿੰਨ੍ਹ (17:1-13)

G. ਜਾਜਕਾਂ ਅਤੇ ਲੇਵੀਆਂ ਸੰਬੰਧੀ ਬਿਧੀਆਂ (18:1-19:22)
1. ਜਾਜਕਾਂ ਅਤੇ ਲੇਵੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ (18:1-32)
2. ਪਵਿੱਤਰ ਕਰਨ ਦੇ ਲਈ ਇਕ ਲਾਲ ਨਰੋਈ ਜੁਆਨ ਗਾਂ ਇਸਤੇਮਾਲ ਕੀਤੀ ਗਈ (19:1-22)

H. ਕਾਦੇਸ਼ ਵਿਚ ਅਤੇ ਹੋਰ ਪਰਬਤ ਤੇ (20:1-22)
1. ਮਿਰਯਮ ਦੀ ਮੌਤ (20:1)
2. ਪਾਣੀ ਦੀ ਘਾਟ ਬਾਰੇ ਸ਼ਿਕਾਇਤ ਕਰਨਾ ਅਤੇ ਫਿਰ ਢਿੱਗ ਵਿੱਚੋਂ ਪਾਣੀ ਦੇਣਾ (20:2-11)
3. ਮੂਸਾ ਅਤੇ ਹਾਰੂਨ ਨੂੰ ਉਨ੍ਹਾਂ ਦੇ ਪਾਪ ਦੇ ਕਾਰਣ ਵਾਅਦੇ ਦੀ ਧਰਤੀ ਵਿਚ ਦਾਖਲ ਨਹੀਂ ਹੋਣਾ ਦਿੱਤਾ ਗਿਆ (20:12, 13)
4. ਅਦੋਮ ਦੇ ਅੱਗੇ ਕੀਤੀ ਗਈ ਅਪੀਲ ਦਾ ਨਾਮੰਨਜ਼ੂਰ ਕੀਤਾ ਜਾਣਾ (20:14-21)
5. ਕਾਦੇਸ਼ ਤੋਂ ਹੋਰ ਪਰਬਤ ਵੱਲ (20:22)

I. ਹਾਰੂਨ ਦੀ ਮੌਤ ਅਤੇ ਅਲਆਜ਼ਾਰ ਦੀ ਨਿਯੁਕਤੀ (20:23-29)

## IV. ਮੋਆਬ ਦੇ ਮਦਾਨ ਵੱਲ ਨੂੰ ਸਫ਼ਰ (21:1-35)

A. ਅਰਾਦ ਦੇ ਰਾਜਾ ਉੱਤੇ ਜਿੱਤ ਅਤੇ ਉਸ ਦੇ ਸ਼ਹਿਰਾਂ ਦਾ ਸੱਤਿਆਨਾਸ (21:1-3)
B. ਇਸਰਾਏਲੀਆਂ ਦਾ ਬੁੜਬੁੜਾਉਣਾ, ਸੱਪਾਂ ਨਾਲ ਸਜ਼ਾ ਅਤੇ ਪਿੱਤਲ ਦਾ ਸੱਪ (21:4-9)
C. ਮੋਆਬ ਦੇ ਮਦਾਨ ਵੱਲ ਨੂੰ ਜਾਂਦਿਆਂ ਰਸਤੇ ਵਿਚ ਆਉਣ ਵਾਲੀਆਂ ਥਾਵਾਂ (21:10-20)
D. ਅਮੋਰੀਆਂ ਦੇ ਰਾਜਾ ਸੀਹੋਨ ਉੱਤੇ ਜਿੱਤ (21:21-32)
E. ਬਾਸ਼ਾਨ ਦੇ ਰਾਜਾ ਓਗ ਉੱਤੇ ਜਿੱਤ (21:33-35)

## V. ਮੋਆਬ ਦੇ ਮਦਾਨ ਵਿਚ (22:1-36:13)

A. ਇਸਰਾਏਲੀਆਂ ਨੇ ਮੋਆਬ ਦੇ ਮਦਾਨ ਵਿਚ ਡੇਰਾ ਲਾਇਆ (22:1)
B. ਬਾਲਾਕ ਅਤੇ ਬਿਲਆਮ ਦਾ ਵਿਰਤਾਂਤ (22:2-24:25)

1. ਬਿਲਆਮ ਦਾ ਮੋਆਬ ਦੇ ਰਾਜਾ ਬਾਲਾਕ ਦੁਆਰਾ ਸੱਦਿਆ ਜਾਣਾ (22:2-7)
2. ਪਰਮੇਸ਼ੁਰ ਦੀ ਹਦਾਇਤ ਦੇ ਕਾਰਣ ਬਿਲਆਮ ਦਾ ਜਾਣ ਤੋਂ ਇਨਕਾਰ ਕਰਨਾ (22:8-13)
3. ਬਾਲਾਕ ਦਾ ਦੂਜਾ ਸੱਦਾ (22:14-18)
4. ਜਾਣ ਵਾਸਤੇ ਬਿਲਆਮ ਦੇ ਲਈ ਪਰਮੇਸ਼ੁਰ ਦੀਆਂ ਹਦਾਇਤਾਂ (22:19-21)
5. ਬਿਲਆਮ ਦਾ ਉਹ ਦੀ ਗਧੀ ਦੁਆਰਾ ਪਰਮੇਸ਼ੁਰ ਦੇ ਕਰੋਧ ਤੋਂ ਬਚਾਇਆ ਜਾਣਾ (22:22-33)
6. ਚੱਲਦੇ ਰਹਿਣ ਵਾਸਤੇ ਬਿਲਆਮ ਦੇ ਲਈ ਪਰਮੇਸ਼ੁਰ ਦੀਆਂ ਹਦਾਇਤਾਂ, ਪਰ ਸਿਰਫ ਉਸ ਦੇ ਵਚਨ ਨੂੰ ਬੋਲਣ ਦੇ ਲਈ (22:34, 35)
7. ਬਿਲਆਮ ਦਾ ਮੋਆਬ ਦੀ ਹੱਦ ਤੇ ਪਹੁੰਚਣਾ ਅਤੇ ਬਾਲਾਕ ਨਾਲ ਉਸ ਦਾ ਮਿਲਨਾ (22:36-41)
8. ਬਿਲਆਮ ਦੀਆਂ ਨਬੂਵਤਾਂ (23:1-24:24)
    a. ਪਹਿਲੀ ਨਬੂਵਤ: "ਪਰਮੇਸ਼ੁਰ ਨੇ ਇਸਰਾਏਲ ਨੂੰ ਬਰਕਤ ਦਿੱਤੀ" (23:1-12)
    b. ਦੂਜੀ ਨਬੂਵਤ: "ਪਰਮੇਸ਼ੁਰ ਇਸਰਾਏਲ ਦੇ ਨਾਲ ਹੈ" (23:13-26)
    c. ਤੀਜੀ ਨਬੂਵਤ: "ਇਸਰਾਏਲ ਇਕ ਮਹਾਨ ਰਾਜ ਹੈ" (23:27-24:14)
    d. ਚੌਥੀ ਨਬੂਵਤ (24:15-24): "ਯਾਕੂਬ ਤੋਂ ਇੱਕ ਤਾਰਾ ਚੜ੍ਹੇਗਾ ਅਤੇ ਮੋਆਬ ਅਤੇ ਅਦੋਮ ਨੂੰ ਉਧੇੜੇਗਾ" (24:15-19)
    e. ਹੋਰ ਕੌਮਾਂ ਦੇ ਵਿਰੁੱਧ ਨਬੂਵਤ (24:20-24)
9. ਬਿਲਆਮ ਅਤੇ ਬਾਲਾਕ ਦਾ ਉਨ੍ਹਾਂ ਦੀਆਂ ਥਾਵਾਂ ਨੂੰ ਪਰਤਣਾ (24:25)

C. ਮੋਆਬ ਦੇ ਮਦਾਨ ਵਿਚ ਇਸਰਾਏਲ ਦੇ ਪਾਪ ਦਾ ਵਿਰਤਾਂਤ (25:1-18)
1. ਇਸਰਾਏਲੀਆਂ ਦਾ ਮੋਆਬ ਦੀਆਂ ਕੁੜੀਆਂ ਨਾਲ ਪਾਪ ਕਰਨਾ ਅਤੇ ਆਪਣੇ ਆਪ ਨੂੰ ਪਓਰ ਦੇ ਬਆਲ ਨਾਲ ਰਲਾਉਣਾ (25:1-3)
2. ਧਰਮ ਨੂੰ ਤਿਆਗਣ ਵਾਲੇ ਮੁਖੀਆਂ ਦਾ ਵੱਢਿਆ ਜਾਣਾ (25:4, 5)
3. ਫ਼ੀਨਹਾਸ ਦਾ ਦੋ ਲੋਕਾਂ ਦੁਆਰਾ ਮਾਰਿਆ ਜਾਣਾ, ਬਵਾ ਦਾ ਰੁਕਣਾ (25:6-9)
4. "ਸਦੀਵੀ ਜਾਜਕਪੁਣੇ" ਦੇ ਲਈ ਫ਼ੀਨਹਾਸ ਦਾ ਇਨਾਮ (25:10-15)
5. ਮਿਦਯਾਨੀਆਂ ਦੇ ਲਈ ਵੈਰੀ ਬਣਨ ਵਾਸਤੇ ਇਸਰਾਏਲੀਆਂ ਦੇ ਲਈ ਪਰਮੇਸ਼ੁਰ ਦਾ ਹੁਕਮ (25:16-18)

D. ਦੂਜੀ ਗਿਣਤੀ (26:1-65)
1. ਬਾਰਾਂ ਗੋਤਾਂ ਦੀ ਗਿਣਤੀ (26:1-51)
2. ਇਕ ਉਦੇਸ਼: ਧਰਤੀ ਦੀ ਵੰਡ (26:52-56)
3. ਲੇਵੀਆਂ ਦੀ ਗਿਣਤੀ (26:57-62)
4. ਪਹਿਲੀ ਗਿਣਤੀ ਵਿੱਚੋਂ ਕੋਈ ਵੀ (ਸਿਵਾਏ ਦੋ ਜਣਿਆਂ ਤੋਂ) ਹੁਣ ਤੱਕ ਜ਼ਿੰਦਾ ਨਹੀਂ ਹੈ (26:63-65)

E. ਦੇਸ ਤੇ ਜਿੱਤ ਪਾਉਣ ਨੂੰ ਧਿਆਨ ਵਿਚ ਰੱਖਦੇ ਹੋਏ ਬਿਧੀਆਂ (27-30)
   1. ਸਲਾਫ਼ਹਾਦ ਦੀਆਂ ਧੀਆਂ ਅਤੇ ਮਿਲਖ ਦੀ ਬਿਧੀ (27:1-11)
   2. ਮੂਸਾ ਨੇ ਆਖਿਆ ਕਿ ਉਹ ਵਾਅਦੇ ਦੀ ਧਰਤੀ ਨੂੰ ਵੇਖ ਸਕਦਾ ਸੀ ਪਰ ਇਸ ਦੇ ਵਿਚ ਦਾਖਲ ਨਹੀਂ ਸੀ ਹੋ ਸਕਦਾ ਅਤੇ ਯਹੋਸ਼ੁਆ ਨੇ ਆਗੂ ਦੇ ਤੌਰ ਤੇ ਮੂਸਾ ਦਾ ਵਾਰਸ ਬਣਨਾ ਚੁਣਿਆ (27:12-23)
   3. ਭੇਟਾਂ ਸੰਬੰਧੀ ਬਿਧੀਆਂ (28:1-29:40)
   4. ਸੁੱਖਣਾਂ ਸੰਬੰਧੀ ਬਿਧੀਆਂ, ਖਾਸਕਰ ਇਸਤ੍ਰੀਆਂ ਦੀਆਂ ਸੁੱਖਣਾਂ (30:1-16)

F. ਮਿਦਯਾਨੀਆਂ ਦਾ ਨਾਸ (31:1-54)
   1. ਮਿਦਯਾਨ ਉੱਤੇ ਜਿੱਤ, ਇਸ ਦੇ ਲੋਕਾਂ ਦੀ ਮੌਤ (31:1-24)
   2. ਲੁੱਟ ਦੇ ਮਾਲ ਦੀ ਵੰਡ (31:25-54)

G. ਯਰਦਨ ਦੇ ਪੂਰਬ ਵਿਚ ਗੋਤਾਂ ਦਾ ਵੱਸਣਾ (32:1-42)
   1. ਰਊਬੇਨੀਆਂ ਅਤੇ ਗਾਦੀਆਂ ਦੀ ਬੇਨਤੀ (32:1-5)
   2. ਮੂਸਾ ਦਾ ਇਨਕਾਰ ਅਤੇ ਚਿਤਾਵਨੀ (32:6-15)
   3. ਗੋਤਾਂ ਦਾ ਸਵੀਕਾਰਯੋਗ ਸਮਝੌਤਾ (32:16-32)
   4. ਧਰਤੀ ਦੀ ਵੰਡ (32:33-42)

H. ਇਸਰਾਏਲ ਦੇ ਸਫ਼ਰ ਦਾ ਸਫ਼ਰਨਾਮਾ (33:1-49)

I. ਵਾਅਦੇ ਦੀ ਧਰਤੀ ਸੰਬੰਧੀ ਪਰਮੇਸ਼ੁਰ ਦੇ ਹੁਕਮ (33:50-35:34)
   1. ਕਨਾਨ ਦੇ ਵਸਨੀਕਾਂ ਦਾ ਬਾਹਰ ਕੱਢਿਆ ਜਾਣਾ (33:50-56)
   2. ਗੋਤਾਂ ਵਿਚ ਵੰਡੀ ਜਾਣ ਵਾਲੀ ਧਰਤੀ (34:1-29)
   3. ਖਾਸ ਨਗਰ (35:1-34)
      a. ਲੇਵੀਆਂ ਦੇ ਲਈ ਨਗਰ (35:1-8)
      b. ਪਨਾਹ ਦੇ ਨਗਰ ਅਤੇ ਉਨ੍ਹਾਂ ਸੰਬੰਧੀ ਬਿਧੀਆਂ (35:9-34)

J. ਵਾਰਸਾਂ ਦੁਆਰਾ ਧਰਤੀ ਦੀ ਮਿਲਖ ਨਾਲ ਸੰਬੰਧਤ ਬਿਧੀ (36:1-13)